PUDA

# ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ, ਐਸ.ਏ.ਐਸ ਨਗਰ।

(ਤਾਲਮੇਲ ਸ਼ਾਖਾ)

ਸੇਵਾ ਵਿਖੇ

1. ਵਧੀਕ ਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ,
   ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ ।
2. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,
   ਵਿੱਤ ਵਿਭਾਗ, ਪੰਜਾਬ ਸਿਵਲ ਸਕੱਤਰੇਤ-1,
   ਚੰਡੀਗੜ੍ਹ।
3. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
   ਸਥਾਨਕ ਸਰਕਾਰ ਵਿਭਾਗ,
   ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ ।
4. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
   ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
   ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ।
5. ਮੁੱਖ ਪ੍ਰਸ਼ਾਸਕ,
   ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ,
   ਐਸ.ਏ.ਐਸ ਨਗਰ।
6. ਮੁੱਖ ਨਗਰ ਯੋਜਨਾਕਾਰ, ਪੰਜਾਬ,
   ਗ੍ਰਾਮ ਅਤੇ ਨਗਰ ਯੋਜਨਾਬੰਦੀ ਵਿਭਾਗ,
   ਪੁੱਡਾ ਭਵਨ, ਸੈਕਟਰ-62, ਐਸ.ਏ.ਐਸ ਨਗਰ।

ਨੰ: ਪੁੱਡਾ-ਤਾਲਮੇਲ ਸਾਖਾ-ਸ-1/2022/ 10028-32 ਮਿਤੀ:- 18/05/22

**ਵਿਸ਼ਾ:-** **ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਕਾਰਜਕਾਰੀ ਕਮੇਟੀ ਦੀ 21ਵੀਂ ਮੀਟਿੰਗ ਦੀ ਕਾਰਵਾਈ ਜਾਰੀ ਕਰਨ ਬਾਰੇ ।**

ਸ੍ਰੀਮਾਨ ਜੀ,

ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ) ਦੀ ਕਾਰਜਕਾਰੀ ਕਮੇਟੀ ਦੀ 21ਵੀਂ ਮੀਟਿੰਗ ਜੋ ਕਿ ਮਿਤੀ 20-04-2022 ਨੂੰ ਸਵੇਰੇ 10.30 ਵਜੇ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਸੀ, ਦੀ ਕਾਰਵਾਈ (ਪ੍ਰੋਸੀਡਿੰਗ) ਦੀ ਕਾਪੀ ਆਪ ਜੀ ਨੂੰ ਸੂਚਨਾ ਹਿੱਤ ਇਸ ਪੱਤਰ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ ਜੀ ।

**ਨੱਥੀ** : ਉਪਰੋਕਤ ਅਨੁਸਾਰ।

(ਮਨਜੀਤ ਸਿੰਘ)
ਸੁਪਰਡੈਂਟ (ਤਾਲਮੇਲ)

**ਪਿੱਠ ਅੰਕਣ ਨੰ:** ਪੁੱਡਾ-ਤਾਲਮੇਲ ਸਾਖਾ-ਸ-1/2022/10033 ਮਿਤੀ:-18/05/22

ਉਪਰੋਕਤ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ, ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

**ਨੱਥੀ** : ਉਪਰੋਕਤ ਅਨੁਸਾਰ।

(ਮਨਜੀਤ ਸਿੰਘ)
ਸੁਪਰਡੈਂਟ (ਤਾਲਮੇਲ)

PUDA

## ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ, ਐਸ.ਏ.ਐਸ ਨਗਰ।

(ਤਾਲਮੇਲ ਸ਼ਾਖਾ)

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1-2022/10034 ਮਿਤੀ:- 18/05/22

ਪੱਤਰ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਵਧੀਕ ਮੁੱਖ ਪ੍ਰਸ਼ਾਸਕ(ਮੁੱ.ਦ), ਪੁੱਡਾ ਐਸ.ਏ.ਐਸ ਨਗਰ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ : ਉਪਰੋਕਤ ਅਨੁਸਾਰ।

(ਮਨਜੀਤ ਸਿੰਘ)
ਸੁਪਰਡੰਟ (ਤਾਲਮੇਲ)

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1-2022/10035 ਮਿਤੀ:- 18/05/22

ਪੱਤਰ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਵਧੀਕ ਮੁੱਖ ਪ੍ਰਸ਼ਾਸਕ(ਵਿੱਤ ਤੇ ਲੇਖਾ), ਪੁੱਡਾ ਐਸ.ਏ.ਐਸ ਨਗਰ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ : ਉਪਰੋਕਤ ਅਨੁਸਾਰ।

(ਮਨਜੀਤ ਸਿੰਘ)
ਸੁਪਰਡੰਟ (ਤਾਲਮੇਲ)

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1-2022/10036 ਮਿਤੀ:- 18/05/22

ਪੱਤਰ ਦਾ ਉਤਾਰਾ ਜੀ.ਐਮ.(ਆਈ.ਟੀ.ਐਂਡ.ਸੀ), ਪੁੱਡਾ ਐਸ.ਏ.ਐਸ. ਨਗਰ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮੀਟਿੰਗ ਦੀ ਕਾਰਵਾਈ ਅਤੇ ਅਜੰਡਾ ਪੁੱਡਾ ਦੀ ਵੈਬ ਸਾਈਟ ਤੇ ਅਪਲੋਡ ਕੀਤਾ ਜਾਵੇ ਜੀ ।

ਨੱਥੀ : ਉਪਰੋਕਤ ਅਨੁਸਾਰ।

(ਮਨਜੀਤ ਸਿੰਘ)
ਸੁਪਰਡੰਟ (ਤਾਲਮੇਲ)

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1-2022/10037-42 ਮਿਤੀ:- 18/05/22

ਪੱਤਰ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਹੇਠ ਲਿਖੇ ਦਫਤਰਾਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਦਫਤਰ ਨਾਲ ਸਬੰਧਤ ਮੱਦ ਬਾਰੇ ਹੋਏ ਫੈਸਲੇ ਅਨੁਸਾਰ ਲੋੜੀਂਦੀ ਕਾਰਵਾਈ ਕਰਨ ਉਪਰੰਤ ਕੀਤੀ ਕਾਰਵਾਈ ਰਿਪੋਰਟ ਇਸ ਦਫਤਰ ਨੂੰ ਭਿਜਵਾਈ ਜਾਵੇ ਤਾਂ ਜੋ ਫੋਲੋ-ਅਪ ਸਬੰਧੀ ਕਾਰਵਾਈ ਕੀਤੀ ਜਾ ਸਕੇ ਜੀ :-

1. ਇੰਜੀਨੀਅਰ ਇਨ ਚੀਫ, ਪੁੱਡਾ , ਐਸ.ਏ.ਐਸ ਨਗਰ ।
2. ਮੁੱਖ ਇੰਜੀਨੀਅਰ, ਗਮਾਡਾ, ਐਸ.ਏ.ਐਸ ਨਗਰ ।
3. ਮਿਲਖ ਅਫਸਰ (ਪਾਲਿਸੀ), ਪੁੱਡਾ , ਐਸ.ਏ.ਐਸ. ਨਗਰ ।
4. ਪ੍ਰਬੰਧਕ ਅਫਸਰ (ਅਮਲਾ), ਪੁੱਡਾ, ਐਸ.ਏ.ਐਸ ਨਗਰ ।
5. ਮੁੱਖ ਲੇਖਾ ਅਫਸਰ, ਪੁੱਡਾ, ਐਸ.ਏ.ਐਸ ਨਗਰ ।
6. ਸਹਾਇਕ ਲੋਕ ਸੰਪਰਕ ਅਫਸਰ, ਪੁੱਡਾ,ਐਸ.ਏ.ਐਸ. ਨਗਰ।
7. ਸੁਪਰਡੰਟ (ਤਕਨੀਕੀ ਅਮਲਾ), ਪੁੱਡਾ, ਐਸ.ਏ.ਐਸ ਨਗਰ ।

ਨੱਥੀ : ਉਪਰੋਕਤ ਅਨੁਸਾਰ।

(ਮਨਜੀਤ ਸਿੰਘ)
ਸੁਪਰਡੰਟ (ਤਾਲਮੇਲ)

ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 20-04-2022 ਨੂੰ ਸਵੇਰੇ 10.30 ਵਜੇ ਹੋਈ ਪੁੱਡਾ ਦੀ 21ਵੀਂ ਕਾਰਜਕਾਰੀ ਕਮੇਟੀ ਦੀ ਮੀਟਿੰਗ ਦੀ ਕਾਰਵਾਈ ।

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਭਾਗ ਲਿਆ:-

| ਲੜੀ ਨੰ | ਅਧਿਕਾਰੀ ਦਾ ਨਾਮ ਅਤੇ ਅਹੁਦਾ<br>ਸਰਵ ਸ਼੍ਰੀ/ਸ਼੍ਰੀਮਤੀ | ਅਹੁਦਾ |
|---|---|---|
| 1. | ਵਧੀਕ ਮੁੱਖ ਸਕੱਤਰ/ ਮੁੱਖ ਮੰਤਰੀ,<br>ਪੰਜਾਬ ਜੀ ਦਾ ਨੁਮਾਇੰਦਾ<br>(ਕੁਮਾਰ ਅਮਿਤ, ਆਈ.ਏ.ਐਸ.<br>ਸਪੈਸ਼ਲ ਪ੍ਰਿੰਸੀਪਲ ਸੈਕਟਰੀ/ਮੁੱਖ ਮੰਤਰੀ) | ਮੈਂਬਰ |
| 2. | ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਵਿੱਤ ਵਿਭਾਗ, ਪੰਜਾਬ ਜੀ ਦਾ ਨੁਮਾਇੰਦਾ<br>ਸਪੈਸ਼ਲ ਸੈਕਰੇਟਰੀ ( ਮੋਹਿਤ ਤਿਵਾੜੀ) | ਮੈਂਬਰ |
| 3. | ਵਿਵੇਕ ਪ੍ਰਤਾਪ ਸਿੰਘ, ਆਈ.ਏ.ਐਸ.<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਸਥਾਨਕ ਸਰਕਾਰ, ਪੰਜਾਬ। | ਮੈਂਬਰ |
| 4. | ਅਜੋਏ ਕੁਮਾਰ ਸਿਨਹਾ, ਆਈ.ਏ.ਐਸ.<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,<br>ਪੰਜਾਬ। | ਮੈਂਬਰ |
| 5. | ਵਿਨੈ ਬੁਬਲਾਨੀ, ਆਈ.ਏ.ਐਸ.<br>ਮੁੱਖ ਪ੍ਰਸ਼ਾਸਕ, ਪੁੱਡਾ, ਐਸ.ਏ.ਐਸ.ਨਗਰ । | ਮੈਂਬਰ |
| 6. | ਪੰਕਜ ਬਾਵਾ, ਮੁੱਖ ਨਗਰ ਯੋਜਨਾਕਾਰ,<br>ਨਗਰ ਤੇ ਗ੍ਰਾਮ ਯੋਜਨਾਬੰਦੀ ਵਿਭਾਗ , ਪੰਜਾਬ,<br>ਐਸ.ਏ.ਐਸ.ਨਗਰ । | ਮੈਂਬਰ |

ਮੀਟਿੰਗ ਵਿੱਚ ਲੜੀਵਾਰ ਅਜੰਡਾ ਆਈਟਮਾਂ ਤੇ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ :-

**ਅਜੰਡਾ ਆਈਟਮ ਨੰ: 21.01**

**ਪੁੱਡਾ ਕਾਰਜਕਾਰੀ ਕਮੇਟੀ ਦੀ 20ਵੀਂ ਮੀਟਿੰਗ, ਜੋ ਮਿਤੀ: 23.03.2021 ਨੂੰ ਹੋਈ ਸੀ, ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਅਥਾਰਿਟੀ ਵਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ ।

**ਅਜੰਡਾ ਆਈਟਮ ਨੰ: 21.02**

**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਕਾਰਜਕਾਰੀ ਕਮੇਟੀ ਦੀ ਮਿਤੀ 23.03.2021 ਨੂੰ ਹੋਈ 20ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ ਸਬੰਧੀ ਮੱਦਵਾਰ ਵਿਵਰਣ।**

ਅਥਾਰਿਟੀ ਵਲੋਂ ਕੀਤੀ ਗਈ ਕਾਰਵਾਈ ਨੂੰ ਨੋਟ ਕੀਤਾ ।

**ਅਜੰਡਾ ਆਈਟਮ ਨੰ: 21.03**

**ਮੁੱਖ ਪ੍ਰਸ਼ਾਸਕ, ਪੀ.ਡੀ.ਏ. ਅਤੇ ਮੁੱਖ ਪ੍ਰਸ਼ਾਸਕ, ਜੇ.ਡੀ.ਏ., ਦੀਆਂ ਆਸਾਮੀਆਂ ਮੁੜ ਸੁਰਜੀਤ ਕਰਨ ਬਾਰੇ।**

ਕਾਰਜਕਾਰੀ ਕਮੇਟੀ ਵਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਅਥਾਰਟੀ ਦੀ ਮੀਟਿੰਗ ਵਿੱਚ ਪੇਸ਼ ਕਰਨ ਦੀ ਪ੍ਰਵਾਨਗੀ ਦਿੱਤੀ ਗਈ ।

**ਅਜੰਡਾ ਆਈਟਮ ਨੰ: 21.04**

**ਮੁੱਖ ਇੰਜੀਨੀਅਰ ਦੀ ਅਸਾਮੀ ਦੀ ਰਚਨਾ ਕਰਨ ਸਬੰਧੀ।**

ਕਾਰਜਕਾਰੀ ਕਮੇਟੀ ਵਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ । ਇਸ ਮੱਦ ਨੂੰ ਅਥਾਰਟੀ ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ ।

**ਅਜੰਡਾ ਆਈਟਮ ਨੰ: 21.05**

**ਮੁੱਖ ਇੰਜੀਨੀਅਰ ਦੀ ਅਸਾਮੀ ਤੇ ਪਦਉੱਨਤੀ ਕਰਨ ਲਈ ਨਿਰਧਾਰਤ ਵਿਦਿਅਕ ਯੋਗਤਾ ਵਿੱਚ ਸੋਧ ਕਰਨ ਸਬੰਧੀ ।**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਗਈ ਕਿ ਅਜੰਡੇ ਨਾਲ ਨੱਥੀ ਅਨੁਲੱਗ 1 ਵਿਚ ਹੇਠ ਲਿਖੇ ਅਨੁਸਾਰ ਪ੍ਰਗਟਾਵਾ ਕਰ ਦਿੱਤਾ ਜਾਵੇ

"From amongst the Superintending Engineers of the Authority having Degree in Civil Engineering and Experience as Superintending Engineer (Civil or Public Health) for a minimum period of two years along with the experience in the construction of Roads, Buildings and Public Health works ".

**ਅਜੰਡਾ ਆਈਟਮ ਨੰ: 21.06**

**ਨਿਗਰਾਨ ਇੰਜੀਨੀਅਰ (ਬਾਗਬਾਨੀ) ਦੀ ਅਸਾਮੀ ਰਚਨਾ ਕਰਨ ਸਬੰਧੀ।**

ਕਾਰਜਕਾਰੀ ਕਮੇਟੀ ਵਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ । ਇਸ ਮੱਦ ਨੂੰ ਅਥਾਰਟੀ ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ ।

**ਅਜੰਡਾ ਆਈਟਮ ਨੰ: 21.07**

**ਨਿਗਰਾਨ ਇੰਜੀਨੀਅਰ (ਬਿਜਲੀ) ਦੀ ਅਸਾਮੀ ਰਚਨਾ ਕਰਨ ਸਬੰਧੀ।**

ਕਾਰਜਕਾਰੀ ਕਮੇਟੀ ਵਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ । ਇਸ ਮੱਦ ਨੂੰ ਅਥਾਰਟੀ ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ ।

**ਅਜੰਡਾ ਆਈਟਮ ਨੰ: 21.08**

**Punjab Urban Planning and Development Authority (Employees Service) Regulations, 1999 ਦਾ schedule- III ਵਿੱਚ ਸੋਧ ਕਰਨ ਸਬੰਧੀ ।**

ਕਾਰਜਕਾਰੀ ਕਮੇਟੀ ਵਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ । ਇਸ ਮੱਦ ਨੂੰ ਅਥਾਰਟੀ ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ ।

**ਅਜੰਡਾ ਆਈਟਮ ਨੰ: 21.09**

**Annual Administrative Report for the year 2019-20.**

ਕਾਰਜਕਾਰੀ ਕਮੇਟੀ ਵਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਪ੍ਰਵਾਨਗੀ ਦਿੱਤੀ ਗਈ ।

**ਅਜੰਡਾ ਆਈਟਮ ਨੰ: 21.10**

**LIC's New group leave encashment ( Accounts) Plan for PUDA employees**

ਕਾਰਜਕਾਰੀ ਕਮੇਟੀ ਵਲੋਂ ਅਜੰਡਾ ਵਿਚਾਰਨ ਉਪਰੰਤ ਪ੍ਰਵਾਨ ਕੀਤਾ ਗਿਆ ਅਤੇ ਭਵਿੱਖ ਵਿਚ ਇਸ ਪ੍ਰਕਾਰ ਦੇ ਮਾਮਲਿਆਂ ਸਬੰਧੀ ਵਿੱਤ ਵਿਭਾਗ ਦੀ ਟਿੱਪਣੀ ਪ੍ਰਾਪਤ ਕਰਨਾ ਸੁਨਿਸ਼ਚਿਤ ਕੀਤਾ ਜਾਵੇ ।

**ਅਜੰਡਾ ਆਈਟਮ ਨੰ: 21.11**

**ਪੁੱਡਾ ਅਤੇ ਵੱਖ ਵੱਖ ਵਿਸ਼ੇਸ਼ ਵਿਕਾਸ ਅਥਾਰਟੀਆਂ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਰਕਬੇ ਵਿੱਚ ਕਮਿਊਨੀਕੇਸ਼ਨ ਟਾਵਰ ਲਗਾਉਣ / ਅੰਡਰਗਰਾਊਂਡ ਟੈਲੀਫੋਨ ਤਾਰਾਂ ਪਾਉਣ ਦੀ ਆਗਿਆ ਦੇਣ ਲਈ ਪਾਲਿਸੀ ਨਿਰਧਾਰਤ ਕਰਨ ਸਬੰਧੀ ।**

ਕਾਰਜਕਾਰੀ ਕਮੇਟੀ ਵਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ । ਇਸ ਮੱਦ ਨੂੰ ਅਥਾਰਟੀ ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ ।

**ਅਜੰਡਾ ਆਈਟਮ ਨੰ: 21.12**

**ਜੂਨੀਅਰ ਇੰਜੀਨੀਅਰ ( ਮਕੈ) ਦੀ ਅਸਾਮੀ ਉ.ਮੰ.ਇੰਜ.(ਮਕੈ) ਦੀ ਅਸਾਮੀ ਤੇ ਪਦ- ਉਨਤੀ ਦੇ ਸਬੰਧ ਵਿਚ ਪਦ ਉਨਤੀ ਦਾ ਸਮਾਂ, ਜਨ ਸਿਹਤ , ਬਾਗਬਾਨੀ ਅਤੇ ਬਿਜਲੀ ਦੇ ਬਰਾਬਰ 7 ਸਾਲ ਤੋਂ ਘਟਾ ਕੇ 5 ਸਾਲ ਕਰਨ ਸਬੰਧੀ।**

ਕਮੇਟੀ ਵਲੋ ਵਿਚਾਰ-ਵਟਾਂਦਰੇ ਉਪਰੰਤ ਅਜੰਡੇ ਨੂੰ ਡੈਫਰ ਕੀਤਾ ਗਿਆ ਅਤੇ ਅਗਲੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿਚ ਪੇਸ਼ ਕਰਨ ਤੋਂ ਪਹਿਲਾਂ ਲੋਕ ਨਿਰਮਾਣ ਵਿਭਾਗ, ਪੰਜਾਬ ਵਿਚ ਨਿਯਮਾਂ ਦੇ ਅਨੁਸਾਰ ਤੁਲਨਾ ਕਰਨ ਉਪਰੰਤ ਪੇਸ਼ ਕੀਤਾ ਜਾਵੇ ।

**ਅਜੰਡਾ ਆਈਟਮ ਨੰ: 21.13**

**ਪੁੱਡਾ ਦੀ ਸਟਾਫ ਰੀਸਟ੍ਰਕਚਰਿੰਗ -2021 ਦੇ ਸਨਮੁੱਖ ਸਪੈਸ਼ਲ ਸੈਕਟਰੀ ਦੀ ਅਸਾਮੀ ਤੇ ਪਦ-ਉਨਤੀ ਲਈ ਨਿਯੁਕਤੀ ਦਾ ਸਰੋਤ/ਯੋਗਤਾ ਅਤੇ ਤਨਖਾਹ ਸਕੇਲ ਨਿਰਧਾਰਤ ਕਰਨ ਸਬੰਧੀ।**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਪ੍ਰਵਾਨਗੀ ਦਿੱਤੀ ਗਈ ।

**ਅਜੰਡਾ ਆਈਟਮ ਨੰ: 21.14**

**ਨਿਗਰਾਨ ਇੰਜੀਨੀਅਰ (ਸਿਵਲ) ਅਤੇ ਮੰਡਲ ਇੰਜੀਨੀਅਰ (ਸਿਵਲ) ਦੀਆਂ ਨਵੀਆਂ ਆਸਾਮੀਆਂ ਦੀ ਰਚਨਾ ਕਰਨ ਅਤੇ ਗਮਾਡਾ ਵਿਖੇ ਮੰਡਲ ਇੰਜੀਨੀਅਰ (ਬਾਗਬਾਨੀ) ਦੀਆਂ ਪ੍ਰਵਾਨ ਕੀਤੀਆਂ ਗਈਆਂ 2 ਅਸਾਮੀਆਂ ਵਿਰੁੱਧ ਲੋੜੀਦਾਂ ਸਟਾਫ ਪ੍ਰਵਾਨ ਕਰਨ ਸਬੰਧੀ।**

ਕਮੇਟੀ ਵਲੋ ਵਿਚਾਰ-ਵਟਾਂਦਰੇ ਉਪਰੰਤ ਅਜੰਡੇ ਨੂੰ ਡੈਫਰ ਕੀਤਾ ਗਿਆ।

**ਅਜੰਡਾ ਆਈਟਮ ਨੰ: 21.15**

**ਪੁੱਡਾ ਅਤੇ ਵੱਖ -ਵੱਖ ਅਥਾਰਟੀਆਂ ਦੀ ਸਾਲ 2021 ਵਿੱਚ ਕੀਤੀ ਗਈ ਰੀ-ਸਟਰਕਚਰਿੰਗ ਵਿੱਚ ਤਕਨੀਕੀ ਅਮਲੇ ਦੀਆਂ ਅਸਾਮੀਆਂ (ਜੂਨੀਅਰ ਇੰਜੀਨੀਅਰ ਤੋਂ ਲੈ ਕੇ ਮੁੱਖ ਇੰਜੀਨੀਅਰ ਤੱਕ) ਵਿੱਚੋਂ 20% ਅਸਾਮੀਆਂ ਨੂੰ ਪ੍ਰਤੀ-ਨਿਯੁਕਤੀ ਰਾਹੀਂ ਭਰਨ ਸਬੰਧੀ ਲਏ ਫੈਸਲੇ ਨੂੰ ਖਤਮ ਕਰਨ ਸਬੰਧੀ।**

ਕਾਰਜਕਾਰੀ ਕਮੇਟੀ ਵਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਅਥਾਰਟੀ ਦੀ ਮੀਟਿੰਗ ਵਿੱਚ ਪੇਸ਼ ਕਰਨ ਦੀ ਪ੍ਰਵਾਨਗੀ ਦਿੱਤੀ ਗਈ ।

**ਅਜੰਡਾ ਆਈਟਮ ਨੰ: 21.16**

**ਗਮਾਡਾ ਟਾਊਨ ਪਲੈਨਿੰਗ ਅਤੇ ਲਾਇਸੈਂਸਿੰਗ ਸਾਖਾ ਦੀ ਟਾਊਨ ਪਲੈਨਿੰਗ ਸਾਖਾ ਮੁੜ ਸੁਰਜੀਤ ਕਰਨ ਬਾਰੇ।**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਅਜੰਡਾ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿੱਚ ਮੁੜ ਘੋਖਕੇ ਪੇਸ਼ ਕਰਨ ਬਾਰੇ ਕਿਹਾ ਗਿਆ ।

## ਅਜੰਡਾ ਆਈਟਮ ਨੰ: 21.17

**ਉਪ ਮੰਡਲ ਇੰਜੀਨੀਅਰ (ਬਾਗਬਾਨੀ) ਦਾ ਪਦ-ਉਨੱਤੀ ਅਤੇ ਸਿੱਧੀ ਭਰਤੀ ਦਾ ਕੋਟਾ ਉਪ ਮੰਡਲ ਇੰਜੀਨੀਅਰ (ਸਿਵਲ/ਜਨ ਸਿਹਤ/ਬਿਜਲੀ) ਦੀ ਤਰ੍ਹਾਂ ਕਰਨ ਸਬੰਧੀ।**

ਕਮੇਟੀ ਵੱਲੋ ਵਿਚਾਰ-ਵਟਾਂਦਰੇ ਉਪਰੰਤ ਵਿਭਾਗ ਦੀਆਂ ਉਪ ਮੰਡਲ ਇੰਜੀਨੀਅਰ ਦੀਆ ਵੱਖ ਵੱਖ ਸ਼੍ਰੇਣੀਆਂ ਨਾਲ ਸਬੰਧਤ ਸਿੱਧੀ ਭਰਤੀ ਅਤੇ ਪਦ-ਉਨਤੀ ਤੇ ਲਾਗੂ ਪ੍ਰਤੀਸ਼ਤ (ਸਿੱਧੀ ਭਰਤੀ ਦਾ ਕੋਟਾ 45% ਅਤੇ ਪਦ ਉਨਤੀ ਦਾ ਕੋਟਾ 55% ) ਅਨੁਸਾਰ ਇਕਸਾਰਤਾ ਲਿਆਉਣ ਲਈ ਉਪ ਮੰਡਲ ਇੰਜੀਨੀਅਰ (ਬਾਗਬਾਨੀ) ਤੇ ਵੀ ਇਹ ਪ੍ਰਤੀਸ਼ਤ ਲਾਗੂ ਕਰਨ ਲਈ ਅਥਾਰਟੀ ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ । ਮੁੱਖ ਪ੍ਰਸ਼ਾਸ਼ਕ, ਪੁੱਡਾ ਵੱਲੋਂ ਇਹ ਸਪਸ਼ਟ ਕੀਤਾ ਗਿਆ ਕਿ ਇਹ ਕੋਟਾ ਲੋਕ ਨਿਰਮਾਣ ਵਿਭਾਗ, ਪੰਜਾਬ ਵਿਚ ਨਿਯਮਾਂ ਦੇ ਅਨੁਸਾਰ ਹੈ ਅਤੇ ਲੋਕ ਨਿਰਮਾਣ ਵਿਭਾਗ ਵਿਚ ਲਾਗੂ ਨਿਯਮਾਂ ਅਨੁਸਾਰ (ਵਿਸਥਾਰ ਸਹਿਤ) ਪੁੱਡਾ ਅਥਾਰਟੀ ਦੀ ਆਉਣ ਵਾਲੀ ਮੀਟਿੰਗ ਵਿਚ ਪੇਸ਼ ਕਰ ਦਿੱਤਾ ਜਾਵੇ ।

## ਅਜੰਡਾ ਆਈਟਮ ਨੰ: 21.18

**ਗਰੁੱਪ-ਡੀ ਕਰਮਚਾਰੀਆਂ ਦੀ ਸਾਰੇ ਵਿਭਾਗਾਂ ਵਿੱਚ ਨਿਯਮਿਤ ਤੌਰ ਤੇ ਭਰਤੀ ਕਰਨ ਸਬੰਧੀ।**

ਕਮੇਟੀ ਵਲੋ ਵਿਚਾਰ-ਵਟਾਂਦਰੇ ਉਪਰੰਤ ਅਜੰਡੇ ਨੂੰ ਡੈਫਰ ਕੀਤਾ ਗਿਆ।

## ਅਜੰਡਾ ਆਈਟਮ ਨੰ: 21.19

**Regarding enlistment of contractors in PUDA and other Authorities.**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਪ੍ਰਵਾਨਗੀ ਦਿੱਤੀ ਗਈ । ਇਸ ਮੱਦ ਨੂੰ ਅਥਾਰਟੀ ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ ।

## ਅਜੰਡਾ ਆਈਟਮ ਨੰ: 21.20

**ਮਿਲਖ ਅਫਸਰ ਦੀ ਅਸਾਮੀ ਤੇ ਪੱਦ-ਉਨਤੀ ਲਈ ਤਜਰਬਾ ਘਟਾਉਣ ਸਬੰਧੀ।**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਅਜੰਡਾ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿੱਚ ਪ੍ਰਸੋਨਲ ਵਿਭਾਗ , ਪੰਜਾਬ ਸਰਕਾਰ ਤੋਂ ਰਾਏ ਲੈਣ ਉਪਰੰਤ ਮੁੜ ਪੇਸ਼ ਕਰਨ ਬਾਰੇ ਕਿਹਾ ਗਿਆ ।

**ਅਜੰਡਾ ਆਈਟਮ ਨੰ: 21.21**

**ਰਿਹਾਇਸ਼ੀ ਮਕਾਨਾਂ/ਪਲਾਟਾਂ/ਅਪਾਰਟਮੈਂਟਾਂ ਅਤੇ ਦੁਕਾਨਾਂ ਦੇ ਕੇਸਾਂ ਵਿੱਚ ਫੈਮਲੀ ਟਰਾਂਸਫਰ ਪਾਲਿਸੀ ਵਿੱਚ ਸੋਧ ਕਰਨ ਬਾਰੇ।**

ਕਾਰਜਕਾਰੀ ਕਮੇਟੀ ਵਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ । ਇਸ ਮੱਦ ਨੂੰ ਅਥਾਰਟੀ ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ ।

**ਅਜੰਡਾ ਆਈਟਮ ਨੰ: 21.22**

**ਪੁੱਡਾ ਅਧਿਕਾਰੀਆਂ/ਕਰਮਚਾਰੀਆਂ ਤੇ ਪੰਜਾਬ ਸਰਕਾਰ ਦੇ ਛੇਵੇਂ ਤਨਖਾਹ ਕਮਿਸਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਸੰਬਧੀ।**

ਕਾਰਜਕਾਰੀ ਕਮੇਟੀ ਵਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਅਥਾਰਟੀ ਦੀ ਮੀਟਿੰਗ ਵਿੱਚ ਪੇਸ਼ ਕਰਨ ਦੀ ਪ੍ਰਵਾਨਗੀ ਦਿੱਤੀ ਗਈ ।

**ਅਜੰਡਾ ਆਈਟਮ ਨੰ: 21.23**

**ਵੱਖ-ਵੱਖ ਵਿਕਾਸ ਅਥਾਰਟੀਆਂ ਵਿਖੇ ਕੰਮ ਕਰ ਰਹੇ ਡੇਲੀਵੇਜ਼ ਕਰਮਚਾਰੀਆਂ ਨੂੰ ਰੈਗੂਲਰ ਕਰਨ ਸਬੰਧੀ ।**

ਕਮੇਟੀ ਵਲੋ ਵਿਚਾਰ-ਵਟਾਂਦਰੇ ਉਪਰੰਤ ਅਜੰਡੇ ਨੂੰ ਡੈਫਰ ਕੀਤਾ ਗਿਆ।

**ਅਜੰਡਾ ਆਈਟਮ ਨੰ: 21.24**

**ਪੰਜਾਬ ਰਾਜ ਵਿਖੇ ਸਮਾਜ ਦੇ ਆਰਥਿਕ ਪੱਖੋਂ ਕੰਮਜੋਰ ਵਰਗ ਨੂੰ ਮਕਾਨ ਮੁਹੱਈਆ ਕਰਵਾਉਣ ਲਈ ਪੰਜਾਬ ਦੀ ਈ.ਡਬਲਿਊ.ਐਸ. ਹਾਊਸਿੰਗ ਸਕੀਮ 2021 ਸਬੰਧੀ।**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਮਿਤੀ 9-03-2021 ਮੁਤਾਬਿਕ ਸਹਿਮਤੀ ਪ੍ਰਗਟਾਈ ਗਈ ।

**ਅਜੰਡਾ ਆਈਟਮ ਨੰ: 21.25**

**ਸਾਲ 2021-22 ਦੇ ਬਜਟ ਅਨੁਮਾਨ ਅਤੇ ਸਾਲ 2020-21 ਦਾ ਸੋਧੇ ਹੋਏ ਬਜਟ ਅਨੁਮਾਨ ਸਬੰਧੀ।**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਪ੍ਰਵਾਨਗੀ ਦਿੱਤੀ ਗਈ ।

**ਅਜੰਡਾ ਆਈਟਮ ਨੰ: 21.26**

**ਪੁੱਡਾ ਅਥਾਰਿਟੀ ਦੇ ਸਾਲ 2020-21 ਦੇ ਸਾਲਾਨਾ ਲੇਖਿਆਂ ਦੀ ਵਿੱਤ ਤੇ ਲੇਖਾ ਕਮੇਟੀ ਦੀ ਮੀਟਿੰਗ ਵਿੱਚ ਪ੍ਰਵਾਨਗੀ ਸਬੰਧੀ ।**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਪ੍ਰਵਾਨਗੀ ਦਿੱਤੀ ਗਈ ।

**ਅਜੰਡਾ ਆਈਟਮ ਨੰ: 21.27**

**Agenda for the Revised Budget Estimates for the year 2021-22 and Budget Estimates for the year 2022-23.**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਪ੍ਰਵਾਨਗੀ ਦਿੱਤੀ ਗਈ ।

**ਟੇਬਲ ਅਜੰਡਾ ਆਈਟਮ ਨੰ: 21.28**

**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਕਰਮਚਾਰੀ (ਸਰਵਿਸ) ਰੈਗੂਲੇਸ਼ਨਜ, 1999 ਦੇ ਸ਼ਡਿਊਲ III ਵਿੱਚ ਡਰਾਫਟਸਮੈਨ ( ਇੰਜੀਨੀਅਰਿੰਗ) ਅਤੇ ਡਰਾਫਟਸਮੈਨ (ਆਰਕੀਟੈਕਟ) ਦੀ ਵਿਦਿਅਕ ਯੋਗਤਾ ਵਿੱਚ ਸੋਧ ਕਰਨ ਸਬੰਧੀ ।**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਿੱਤੀ ਤਜਵੀਜ ਨੂੰ ਪ੍ਰਵਾਨਗੀ ਦਿੱਤੀ ਗਈ । ਇਸ ਮੱਦ ਨੂੰ ਅਥਾਰਟੀ ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ ।

***ਮੀਟਿੰਗ ਧੰਨਵਾਦ ਸਹਿਤ ਸਮਾਪਤ ਕੀਤੀ ਗਈ ।***

**ਮੁੱਖ ਪ੍ਰਸ਼ਾਸ਼ਕ,**
**ਪੁੱਡਾ**

**ਪ੍ਰਮੁੱਖ ਸਕੱਤਰ, ਪੰਜਾਬ**
**ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ**

**ਮੁੱਖ ਸਕੱਤਰ,**
**ਪੰਜਾਬ**